WORK SAFE BC | ਖ਼ਬਰ ਜਾਰੀ

# ਮਸੁਕਲੋਸਕੇਲਟਲ ਸੱਟਾਂ (MSIs) ਨਾਲ ਡਰਾਈਵਿੰਗ ਟਾਈਮ ਦੇ ਸਮਾਂ-ਨੁਕਸਾਨ (ਟਾਈਮ-ਲੌਸ) ਲਈ 'ਵਰਕਸੇਫ਼ਬੀਸੀ' ਨਾਲ ਕਲੇਮ

*MSIs ਦੇ ਨਤੀਜੇ ਵਜੋਂ ਕਲੇਮਾਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ $2 ਬਿਲੀਅਨ ਤੋਂ ਵੱਧ ਦੀ ਲਾਗਤ ਆਈ ਹੈ*

**ਰਿਚਮੰਡ, ਬੀ.ਸੀ. (9 ਜੁਲਾਈ, 2024)** — 'ਵਰਕਸੇਫ਼ਬੀਸੀ' ਬੀ.ਸੀ. ਵਿੱਚ ਕੰਮ ਵਾਲੀਆਂ ਥਾਵਾਂ ਉੱਪਰ ਮਸੁਕਲੋਸਕੇਲਟਲ ਸੱਟਾਂ (MSIs) ਦੇ ਪ੍ਰਭਾਵ ਅਤੇ ਕੰਮ-ਮਾਲਕਾਂ ਨੂੰ ਇਨ੍ਹਾਂ ਸੱਟਾਂ ਦੇ ਖ਼ਤਰਿਆਂ ਨੂੰ ਘਟਾਉਣ ਦੀ ਲੋੜ ਵੱਲ ਧਿਆਨ ਦਿਵਾ ਰਿਹਾ ਹੈ।

'ਐੱਮ ਐੱਸ ਆਈ' ਮਾਸਪੇਸ਼ੀਆਂ, ਟੈਂਡਨਜ਼ (ਨਸ), ਲਿਗਾਮੈਂਟਸ, ਜੋੜਾਂ, ਨਰਵਜ਼ (ਨਸਾਂ), ਜਾਂ ਖੂਨ ਦੀਆਂ ਨਾੜੀਆਂ ਦੀ ਸੱਟ ਜਾਂ ਵਿਕਾਰ ਹੈ। ਸੱਟਾਂ ਵਿੱਚ ਮੋਚ, ਤਣਾਅ ਅਤੇ ਸੋਜ ਸ਼ਾਮਲ ਹੋ ਸਕਦੀ ਹੈ, ਜਦੋਂ ਕਿ ਵਿਗਾੜਾਂ ਵਿੱਚ ਟੈਂਡੋਨਾਈਟਿਸ, ਬਰਸਾਈਟਿਸ, ਅਤੇ ਕਾਰਪਲ ਟਨਲ ਸਿੰਡਰੋਮ ਸ਼ਾਮਲ ਹੋ ਸਕਦੇ ਹਨ।

'ਵਰਕਸੇਫ਼ਬੀਸੀ' ਦੇ ਪ੍ਰੀਵੈਨਸ਼ਨ ਫ਼ੀਲਡ ਸਰਵਿਸਿਜ਼ ਦੇ ਡਾਇਰੈਕਟਰ, ਸੁਜ਼ਾਨਾ ਪ੍ਰਿਪਿਕ ਕਹਿੰਦੇ ਹਨ, "ਕੁਝ ਕਾਰਜ ਜਿਹੜੇ ਅਸੀਂ ਕੰਮ 'ਤੇ ਕਰਦੇ ਹਾਂ, ਜਿਵੇਂ ਕਿ ਚੁੱਕਣਾ(ਲਿਫਟਿੰਗ), ਦੁਹਰਾਉਣ ਵਾਲੀਆਂ ਗਤੀਵਿਧੀਆਂ, ਸਾਡੇ ਸਰੀਰ ਨੂੰ ਤਣਾਅਪੂਰਨ ਕਰ ਸਕਦੀਆਂ ਹਨ ਅਤੇ 'ਐੱਮ ਐੱਸ ਆਈ' ਦਾ ਕਾਰਨ ਬਣ ਸਕਦੀਆਂ ਹਨ। "ਅਸਲ ਵਿੱਚ, 'ਐੱਮ ਐੱਸ ਆਈ' ਕੰਮ ਵਾਲੀ ਥਾਂ 'ਤੇ ਸੱਟਾਂ ਦੀ ਸਭ ਤੋਂ ਆਮ ਕਿਸਮ ਹੈ, ਜਿਹੜੀਆਂ 'ਵਰਕਸੇਫ਼ਬੀਸੀ' ਦੇ ਸਾਰੇ ਸਮਾਂ-ਨੁਕਸਾਨ ਦੇ ਕਲੇਮਾਂ ਦਾ 30 ਪ੍ਰਤੀਸ਼ਤ, ਅਤੇ ਕਲੇਮ ਖਰਚਿਆਂ ਦਾ 26 ਪ੍ਰਤੀਸ਼ਤ ਹੈ।"

2019 ਅਤੇ 2023 ਦੇ ਵਿਚਕਾਰ, 'ਵਰਕਸੇਫ਼ਬੀਸੀ' ਨੇ MSIs ਦੇ ਲਗਭਗ 83,000 ਸਮਾਂ-ਨੁਕਸਾਨ ਦੇ ਕਲੇਮਾਂ ਨੂੰ ਸਵੀਕਾਰ ਕੀਤਾ, ਜਿਸ ਨਾਲ ਸੰਬੰਧਿਤ ਲਾਗਤ $2 ਬਿਲੀਅਨ ਤੋਂ ਵੱਧ ਹੈ।

MSIs ਦਾ ਬਹੁਤ ਸਾਰੇ ਉਦਯੋਗਾਂ ਵਿੱਚ ਪਸਾਰਾ ਹੈ, ਪਰ ਸਿਹਤ ਸੰਭਾਲ, ਪਰਚੂਨ(ਰੀਟੇਲ), ਸਥਾਨਕ ਸਰਕਾਰ, ਰੈਸਟੋਰੈਂਟਾਂ, ਪਬਲਿਕ ਸਕੂਲਾਂ ਅਤੇ ਟ੍ਰੇਡਾਂ ਵਿੱਚ ਕਰਮਚਾਰੀਆਂ ਨੂੰ ਅਕਸਰ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ।

MSIs ਤੋਂ ਪੀੜਤ ਕਰਮਚਾਰੀ ਅਕਸਰ ਜੀਵਨ ਦੀ ਘਟਦੀ ਗੁਣਵੱਤਾ, ਲੰਬੇ ਸਮੇਂ ਲਈ ਅਪੰਗਤਾ, ਅਤੇ ਮਨੋਵਿਗਿਆਨਕ ਪਰੇਸ਼ਾਨੀ ਨੂੰ ਸਹਿਣ ਕਰਦੇ ਹਨ। ਕਾਮਿਆਂ 'ਤੇ ਕੰਮ ਵਾਲੀਆਂ ਥਾਵਾਂ 'ਤੇ ਸੱਟਾਂ ਜਾਂ ਬਿਮਾਰੀਆਂ ਦੇ ਸਿੱਧੇ ਪ੍ਰਭਾਵਾਂ ਤੋਂ ਇਲਾਵਾ, MSIs ਕੰਮ-ਮਾਲਕਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ, ਨਤੀਜੇ ਵਜੋਂ ਗ਼ੈਰਹਾਜ਼ਰੀਆਂ ਅਤੇ ਟਰਨਓਵਰ ਵਧਦਾ ਹੈ, ਅਤੇ ਬੀਮੇ ਦੇ ਪ੍ਰੀਮੀਅਮ ਉੱਚੇ ਹੁੰਦੇ ਹਨ।

## ਕੰਮ-ਮਾਲਕ ਕੀ ਕਰ ਸਕਦੇ ਹਨ

ਕੰਮ-ਮਾਲਕਾਂ ਨੂੰ ਆਪਣੇ ਕੰਮ ਵਾਲੀ ਥਾਂ 'ਤੇ MSIs ਲਈ ਖ਼ਤਰਿਆਂ ਦੇ ਮੁਲਾਂਕਣ ਕਰਨੇ ਚਾਹੀਦੇ ਹਨ ਅਤੇ ਖ਼ਤਰਿਆਂ ਨੂੰ ਖ਼ਤਮ ਕਰਨਾ ਜਾਂ ਘੱਟ ਕਰਨਾ ਚਾਹੀਦਾ ਹੈ। ਕੰਮ-ਮਾਲਕਾਂ ਨੂੰ ਕੰਮ ਵਾਲੀ ਥਾਂ 'ਤੇ 'ਐੱਮ ਐੱਸ ਆਈ' ਖ਼ਤਰਿਆਂ ਬਾਰੇ ਕਰਮਚਾਰੀਆਂ ਨੂੰ ਸਿੱਖਿਆ ਅਤੇ ਟ੍ਰੇਨਿੰਗ ਵੀ ਜ਼ਰੂਰ ਦੇਣੀ ਚਾਹੀਦੀ ਹੈ।

ਪ੍ਰਿਪਿਕ ਕਹਿੰਦੇ ਹਨ, "ਕਿੱਤੇ ਸਬੰਧੀ ਸਿਹਤ(ਓਕੂਪੇਸ਼ਨਲ ਹੈਲਥ) ਅਤੇ ਸੁਰੱਖਿਆ ਪ੍ਰੋਗਰਾਮਾਂ ਵਿੱਚ 'ਐੱਮ ਐੱਸ ਆਈ' ਰੋਕਥਾਮ ਨੂੰ ਜੋੜਨਾ ਜ਼ਰੂਰੀ ਹੈ।" "ਕੰਮ ਮਾਲਕਾਂ ਨੂੰ ਉਹਨਾਂ ਕੰਮਾਂ ਦੀ ਪਛਾਣ ਕਰਨੀ ਚਾਹੀਦੀ ਹੈ, ਜਿਹੜੇ MSIs ਦੇ ਖ਼ਤਰੇ ਪੈਦਾ ਕਰ ਸਕਦੇ ਹਨ, ਜਿਵੇਂ ਦੁਹਰਾਉਣ ਵਾਲੀਆਂ ਗਤੀਵਿਧੀਆਂ, ਭਾਰੀ ਚੁੱਕ-ਧਰ (ਲਿਫਟਿੰਗ), ਜਾਂ ਕਸੂਤੀਆਂ ਗਤੀਵਿਧੀਆਂ (ਆਕਵਰਡ ਮੂਵਮੈਂਟਸ), ਅਤੇ ਫਿਰ ਇਹ ਨਿਰਧਾਰਿਤ ਕਰਨਾ ਚਾਹੀਦਾ ਹੈ ਕਿ ਇਹਨਾਂ ਖ਼ਤਰਿਆਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ।"

'ਐੱਮ ਐੱਸ ਆਈ' ਖ਼ਤਰੇ ਦੇ ਕਾਰਕਾਂ ਵਾਲੀਆਂ ਨੌਕਰੀਆਂ ਜਾਂ ਕੰਮ ਦੀਆਂ ਗਤੀਵਿਧੀਆਂ ਦੀ ਪਛਾਣ ਕਰਨ ਲਈ, ਮਾਲਕਾਂ ਨੂੰ ਰਿਕਾਰਡਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ - ਜਿਸ ਵਿੱਚ ਫ਼ਸਟ ਏਡ ਰਿਕਾਰਡ, ਸੱਟਾਂ ਦੇ ਕਲੇਮ ਅਤੇ ਘਟਨਾ ਦੀ ਜਾਂਚ ਦੇ ਨਤੀਜੇ ਸ਼ਾਮਲ ਹਨ - ਕੰਮ ਵਾਲੀ ਥਾਂ 'ਤੇ ਨਿਰੀਖਣ ਕਰੋ ਅਤੇ ਕੰਮ ਕਰਨ ਵਾਲੇ ਕਰਮਚਾਰੀਆਂ ਨਾਲ ਗੱਲ ਕਰੋ।

'ਵਰਕਸੇਫ਼ਬੀਸੀ' ਨੇ ਅੱਗੇ ਕਿਹਾ ਕਿ ਪੂਰੀ ਪ੍ਰਕਿਰਿਆ ਦੌਰਾਨ ਵਰਕਰਾਂ ਅਤੇ ਸੰਯੁਕਤ ਸਿਹਤ(ਜੁਆਇੰਟ ਹੈਲਥ) ਅਤੇ ਸੁਰੱਖਿਆ ਕਮੇਟੀਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ, ਕਿਉਂਕਿ ਉਹਨਾਂ ਨੂੰ ਕੰਮ ਅਤੇ ਇਸ ਦੇ ਖ਼ਤਰਿਆਂ ਅਤੇ ਸੰਕਟਾਂ (ਹੈਜ਼ਰਡ)ਦੀ ਸਭ ਤੋਂ ਵਧੀਆ ਸਮਝ ਹੁੰਦੀ ਹੈ।

ਰਿਪੋਰਟ ਕਰਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਵੀ ਮਹੱਤਵਪੂਰਨ ਹੈ, ਕਿਉਂਕਿ ਬਹੁਤ ਸਾਰੀਆਂ 'ਐੱਮ ਐੱਸ ਆਈ' ਹੌਲੀ-ਹੌਲੀ ਵਿਕਸਤ ਹੁੰਦੀਆਂ ਹਨ ਅਤੇ ਸਿਰਫ਼ ਉਦੋਂ ਹੀ ਉਨ੍ਹਾਂ ਨਾਲ ਸਿੱਝਿਆ ਜਾਂਦਾ ਹੈ, ਜਦੋਂ ਲੱਛਣ ਇੰਨੇ ਗੰਭੀਰ ਹੋ ਜਾਂਦੇ ਹਨ ਕਿ ਕੰਮ ਤੋਂ ਛੁੱਟੀ ਦੀ ਲੋੜ ਹੁੰਦੀ ਹੈ।

**'ਵਰਕਸੇਫ਼ਬੀਸੀ' ਦਾ ਛਾਣਬੀਣਤਾ ਵਾਲਾ ਫੋਕਸ**

'ਵਰਕਸੇਫ਼ ਬੀਸੀ' ਦੀਆਂ ਯੋਜਨਾਬੱਧ ਛਾਣਬੀਣਤਾ ਵਾਲੀਆਂ ਪਹਿਲਕਦਮੀਆਂ ਕੰਮ ਵਾਲੀ ਥਾਂ 'ਤੇ ਗੰਭੀਰ ਸੱਟਾਂ ਲੱਗਣ ਦੇ ਬਹੁਤੇ ਖ਼ਤਰਿਆਂ ਵਾਲੇ ਅਤੇ ਗੰਭੀਰ ਸੱਟ ਦੀ ਦਰ ਅਤੇ ਸਮਾਂ-ਨੁਕਸਾਨ ਦੇ ਕਲੇਮਾਂ ਦੀ ਦਰ ਵਿੱਚ ਮਹੱਤਵਪੂਰਨ ਵਾਧਾ ਕਰਨ ਵਾਲੇ ਉਦਯੋਗਾਂ ਅਤੇ ਮਾਲਕਾਂ ਦੀ ਪਛਾਣ ਨੂੰ ਨਿਸ਼ਾਨਾ ਬਣਾਉਂਦੀਆਂ ਹਨ।

'ਵਰਕਸੇਫ਼ਬੀਸੀ' ਦੀਆਂ ਕਈ ਯੋਜਨਾਬੱਧ ਛਾਣਬੀਣਤਾ ਵਾਲੀਆਂ ਪਹਿਲਕਦਮੀਆਂ ਵੱਖ-ਵੱਖ ਸੈਕਟਰਾਂ ਵਿੱਚ 'ਐੱਮ ਐੱਸ ਆਈ' ਰੋਕਥਾਮ 'ਤੇ ਜ਼ੋਰ ਦਿੰਦੀਆਂ ਹਨ। ਇਸ ਤੋਂ ਇਲਾਵਾ, 2024 ਵਿੱਚ ਇੱਕ ਖ਼ਾਸ 'ਐੱਮ ਐੱਸ ਆਈ' ਪਲੈਨਡ ਇਨਸਪੈਕਸ਼ਨਲ ਇਨੀਸ਼ੀਏਟਿਵ ਦਾ ਨਿਸ਼ਾਨਾ ਸੁਪਰਮਾਰਕੀਟਾਂ ਅਤੇ ਵੱਡੇ ਪਰਚੂਨ ਵਿਕ੍ਰੇਤਾਵਾਂ ਨੂੰ ਰੱਖਿਆ ਗਿਆ ਹੈ।

'ਵਰਕਸੇਫ਼ਬੀਸੀ' MSIs ਲਈ ਜੋਖ਼ਮ ਕਾਰਕਾਂ ਦੀ ਪਛਾਣ ਕਰਨ, ਮੁਲਾਂਕਣ ਕਰਨ ਅਤੇ ਕੰਟਰੋਲ ਕਰਨ ਵਿੱਚ ਕਰਮਚਾਰੀਆਂ ਅਤੇ ਮਾਲਕਾਂ ਦੀ ਮਦਦ ਕਰਨ ਲਈ ਸਰੋਤ ਅਤੇ ਸੰਦ(ਟੂਲਜ਼)ਵੀ ਪ੍ਰਦਾਨ ਕਰਦਾ ਹੈ।

'ਐੱਮ ਐੱਸ ਆਈ' ਨੂੰ ਰੋਕਣ ਅਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਬਾਰੇ ਹੋਰ ਜਾਣਕਾਰੀ ਲਈ, workafebc.com/ergonomics 'ਤੇ ਜਾਓ।

**ਸਰੋਤ:**

- ਮਸਕਲੋਸਕੇਲਟਲਇੰਜ਼ਰੀ (ਐੱਮ ਐੱਸ ਆਈ) ਪਲੈਨਡ ਇਨਸਪੈਕਸ਼ਨਲ ਇਨੀਸ਼ੀਏਟਿਵ।Musculoskeletal Injury (MSI) Planned Inspectional Initiative
- ਐਰਗੋਨੋਮਿਕਸ - ਵਰਕਸੇਫ਼ਬੀਸੀErgonomics - WorkSafeBC
- ਗਾਈਡ ਟੂ ਮਸਕਲੋਸਕੇਲਟਲਇੰਜਰੀ (ਐੱਮ ਐੱਸ ਆਈ) ਰਿਸਕ ਅਸੈੱਸਮੈਂਟ।Guide to Musculoskeletal Injury (MSI) Risk Assessment
- ਮਸਕਲੋਸਕੇਲਟਲਇੰਜਰੀ (ਐੱਮ ਐੱਸ ਆਈ) ਰਿਸਕ ਅਸੈੱਸਮੈਂਟ ਵਰਕਸ਼ੀਟ।Musculoskeletal Injury (MSI) Risk Assessment Worksheet
- ਰੈਗੂਲੇਸ਼ਨਜ਼: ਐਰਗੋਨੋਮਿਕਸ (ਐੱਮ ਐੱਸ ਆਈ) ਰੀਕੁਆਇਰਮੈਂਟਸ।Regulations: Ergonomics (MSI) Requirements
- ਗਾਈਡਲਾਈਨਜ਼ - ਪਾਰਟ 4 - ਐਰਗੋਨੋਮਿਕਸ (ਐੱਮ ਐੱਸ ਆਈ) ਰੀਕੁਆਇਰਮੈਂਟਸ।Guidelines - Part 4 Ergonomics (MSI) Requirements

-30-

**'ਵਰਕਸੇਫ਼ ਬੀਸੀ' ਬਾਰੇ**

*'ਵਰਕਸੇਫ਼ਬੀਸੀ' ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਮਾਲਕਾਂ ਨੂੰ ਨਾਲ ਮਿਲਾਉਂਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ 'ਵਰਕਸੇਫਬੀਸੀ' ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਪੁਨਰ ਸਥਾਪਨ(ਰੀਹੈਬਲੀਟੇਸ਼ਨ), ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 280,000 ਮਾਲਕਾਂ ਦੀ ਸੇਵਾ ਕਰਦੇ ਹਾਂ।*

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼, 'ਵਰਕਸੇਫ਼ਬੀਸੀ'
ਈਮੇਲ: media@worksafebc.com
ਟੈਲੀਫ਼ੋਨ: 604-276-5157